ਪੜ੍ਹ ਕਮਾਣੇ ਗੁਰਮੁਖ ਗਿਆਨੀ ਜਾਂ ਪੰਡਿਤ ਨੂੰ ਦੇਵੋ॥

ਚੋਹਾਂ ਜੁੱਗਾਂ ਵਿਚੋਂ ਮਹਾਂ ਉਤੱਮ ਕਲ ਜੁੱਗ

ਇਸ ਲੇਖ ਨੂੰ ਛਾਪਨ ਜਾਂ ਉਲਥੇ ਦੀ ਪੂਰੀ ਖੁਲ੍ਹ ਹੈ॥

ਸਤਿ ਨਾਮ ਸ੍ਰੀ ਵਾਹਿਗੁਰੂ ਜੀ। ਜਿਵੇਂ ਸਤਿ ਜੁੱਗ ਸਤਿ ਸੰਗੀਆਂ ਦਾ, ਤ੍ਰੇਤਾ ਦੇਵਤਿਆਂ ਦਾ ਅਤੇ ਦੋਆਪਰ ਸੂਰਮਿਆਂ ਦਾ ਜੁੱਗ ਸੀ ਇਵੇਂ ਹੀ ਕਲ ਜੁੱਗ ਬੇਈਮਾਨ ਅਤੇ ਅਧੱਰਮੀਆਂ ਦਾ ਜੁੱਗ ਹੈ। ਕਲ ਜੁੱਗ ਵਿੱਚ ਧਰਮ ਦੀ ਰੋਸ਼ਨੀ ਨਾ ਹੋਣ ਕਰਕੇ ਅਧੱਰਮੀ ਲੋਕ ਮੂੰਹ ਦੀਆਂ ਸੱਟਾਂ ਬਹੁਤ ਖਾਂਦੇ ਹਨ ਪਰ ਧਰਮੀ ਲੋਕਾਂ ਲਈ ਤਾਂਹਿਓ ਜੁੱਗ ਧਰਮ ਦੀ ਕਮਾਈ ਕਰਨ ਲਈ ਸਾਰੇ ਜੁੱਗਾਂ ਵਿੱਚੋਂ ਕਿਤੇ ਹੀ ਉਤੱਮ ਜੁੱਗ ਹੈ। ਇਸ ਮਹਾਂ ਉਤੱਮ ਜੁੱਗ ਵਿੱਚ ਸੰਤਿਗੁਰੂ ਜੀ, ਜੋ ਕਿ "ਹਰੀ ਦੇ ਮਹਾਂ ਪੰਡਿਤ" ਹੁੰਦੇ ਹਨ, ਦਰਸ਼ਨ ਦੇ ਕੇ ਧਰਮੀ ਲੋਕਾਂ ਨੂੰ ਧੁਰਕੀ ਜਾਂ ਰੱਬੀ ਬਾਣੀ ਨਾਲ ਪਰਸੰਨ ਕਰਦੇ ਹਨ, ਐਦਾਂ ਪਹਿਲੇ ਤਿੰਨਾਂ ਜੁੱਗਾਂ ਵਿੱਚ ਨਹੀਂ ਹੁੰਦਾ ਕਿਉਂਕਿ ਉਨ੍ਹਾਂ ਜੁੱਗਾਂ ਵਿੱਚ ਪੰਡਿਤ ਨਿਕਮੇ ਨਹੀਂ ਹੁੰਦੇ। ਇਨਸਾਨੀ ਜਨਮ ਈਸ਼ਵਰ ਦੀ ਇੱਕ ਬਹੁਤ ਹੀ ਵੱਡੀ ਦਾਤ ਹੈ। ਇਸ ਲਈ ਇਨਸਾਨ ਨੂੰ ਆਪਣੇ ਜਨਮ ਦਾ ਵੱਧ ਤੋਂ ਵੱਧ ਲਾਭ ਉਠਾਉਣਾ ਚਾਹੀਦਾ ਹੈ ਅਤੇ ਇਹੋ ਹੀ ਜੁੱਗ ਹੈ ਜਿਸ ਵਿੱਚ ਲੋਕ ਪੈਸੇ ਦਾ ਲਾਲਚ ਵੀ ਬੇਹਦ ਕਰਦੇ ਹਨ ਅਤੇ ਇਹਨਾਂ ਮਨਮੁੱਖਾਂ ਦਾ ਪੈਸਾ ਹੀ ਪੀਰ ਹੋਣ ਕਰਕੇ ਇਹ "ਸੱਪ" ਦੀ ਨਿਆਈਂ ਕਿਸੇ ਦੇ ਮਿੱਤਰ ਜਾਂ ਰਿਸ਼ਤੇਦਾਰ ਨਹੀਂ ਹੁੰਦੇ। ਇਸ ਦੀ ਆਪ ਬੀਤੀ ਮਸਾਲ ਮੇਰੀ ਸੱਕੀ ਭੈਣ ਦਾ ਠੱਗੀ ਨਾਲ ਮੇਰੀ ਸਾਰੀ ਜ਼ਮੀਨ ਆਪਣੇ ਮੁੰਡੇ ਦੇ ਨਾਂ ਲਗੋਣ ਦੀ ਹੈ। ਏਦਾਂ ਦੇ ਮਨਮੁੱਖਾਂ ਨੂੰ ਰੱਬ ਆਪਣੇ "ਨਾਮ" ਦੀ ਦੌਲਤ ਦੀ ਸਮੱਝ ਵੀ ਨਹੀਂ ਦਿੰਦਾ। ਅਸਲ ਵਿੱਚ ਜਿਹੜੇ ਲੋਕ ਕਾਮੀ ਕਰੋਧੀ ਅਤੇ ਲੋਭੀ ਹੁੰਦੇ ਹਨ ਉਹ ਰੱਬ ਦੇ ਭਗਤ ਕਦੇ ਨਹੀਂ ਬਣ ਸਕਦੇ। ਇਸ ਲਈ ਨਾਮ ਸਮਝਣ ਲਈ ਦਿੱਲ ਦਾ ਸੱਚ ਬੋਲਣ ਨਾਲ ਸਾਫ ਹੋਣਾ ਅਤੇ ਰੱਬ ਦੀ ਭਾਵਨਾ ਰੱਖਣਾ ਬਹੁਤ ਹੀ ਜ਼ਰੂਰੀ ਹੈ। ਬਾਕੀ ਨਾਮ ਦੀ ਸਮੱਝ ਲਈ "ਸੁਰਤੀ" ਰੱਬ ਦੀ ਹੀ ਦਾਤ ਹੈ। ਇਸ ਪਰਚੇ ਵਿੱਚ ਮੈਂ ਤੁਹਾਨੂੰ ਧਰਮ ਦੇ ਮੁਢਲੇ ਅਸੂਲ ਹੀ ਦਸਦਾ ਹਾਂ ਅਤੇ ਨਾਮ ਦੀ ਪੂਰੀ ਸਮੱਝ ਆਪ ਵਿਚਾਰਨ (in-tuition) ਨਾਲ ਹੀ ਔਂਦੀ ਹੈ।

ਇਕ ਰੱਬ ਹੋਣ ਕਰਕੇ ਸਾਰੀ ਦੁਨੀਆਂ ਦਾ ਧਰਮ ਵੀ ਇੱਕ ਹੈ। ਇਸ ਲਈ ਈਸਾ ਮਸੀਹ ਜੀ ਦੀ ਅੰਜੀਲ, ਹਜ਼ਰਤ ਮੂਸਾ ਦੇ ਟੋਹਰੇ, ਆਦਿ ਗ੍ਰੰਥ, ਗੀਤਾ ਆਦਿ ਦੀ ਵਿਚਾਰ ਕਰਨੀ ਚਾਹੀਦੀ ਹੈ। ਪਰ ਨਾਮ ਧੁਰ ਕੀ ਬਾਣੀ ਹੋਣ ਕਰਕੇ ਇਸ ਦੀ ਸਮੱਝ ਰੱਬ ਨੇ ਸੁਰਤੀ ਬਖ਼ਸ਼ ਕੇ ਹੀ ਦੇਣੀ ਹੈ। ਭਾਵੇਂ ਇਹ ਧਾਰਮਿਕ ਕਿਤਾਬਾਂ ਬਹੁਤ ਸਹਾਇਕ ਹੁੰਦੀਆਂ ਹਨ ਪਰ ਇਹ ਇਨਸਾਨ ਤੋਂ ਬਦਲੀਆਂ ਵੀ ਜਾ ਸਕਦੀਆਂ ਹਨ। ਮੈਂ ਆਦਿ ਗ੍ਰੰਥ ਦੀਆਂ ਕੁਝ ਬਦਲੀਆਂ ਹੋਈਆਂ ਤੁਕਾਂ ਦਾ ਵੇਰਵਾ ਵੀ ਕਰਾਂਗਾ। ਅਸਲ ਵਿੱਚ ਰੂਹਾਨੀ ਗਿਆਨ ਹਉਮੈਂ ਦੇ ਕੁਰੇ ਅਤੇ ਮਨ ਦੇ ਅੰਨ੍ਹੇ ਲੋਕਾਂ ਲਈ ਨਹੀਂ ਹੁੰਦਾ। ਇਹ ਉਨ੍ਹਾਂ ਲੋਕਾਂ ਲਈ ਹੁੰਦਾ ਹੈ ਜਿੰਨ੍ਹਾਂ ਦੀ ਰੱਬ ਨੂੰ "ਪੇਖਨ" ਵਾਲੀ ਮਨ ਦੀ ਤੀਜੀ ਅੱਖ ਖੁੱਲ੍ਹੀ ਹੋਵੇ। ਉਹ ਲੋਕ ਆਪਣੀ ਜਾਤੀ ਦਾ ਅਭਿਮਾਨ ਨਾ ਕਰਦੇ ਹੋਏ ਰੱਬ ਨੂੰ ਪਿਆਰ ਉਸ ਦੇ ਬੰਦਿਆਂ ਨਾਲ ਪਿਆਰ ਕਰਕੇ ਕਰਦੇ ਹਨ। ਧਰਮ ਨੂੰ ਜਾਨਣ ਲਈ ਪ੍ਰਚਾਰਕਾਂ ਨਾਲ ਸਵਾਲ ਜਵਾਬ ਕਰੋ ਅਤੇ ਫਿਰ ਅੰਤਰ ਸੰਤਿਗੁਰੂ ਨੂੰ ਮੁੱਖ ਰਖ ਕੇ ਸੋਚ ਵੀਚਾਰ ਕਰੋ। ਇਹ ਮਜ਼ਮੂਨ ਕਿਤਾਬਾਂ ਦੇ ਪੜ੍ਹਣ ਨਾਲ ਨਹੀਂ ਔਂਦਾ ਜਿੰਨ੍ਹਾਂ ਚਿਰ ਅਕਾਲ ਪੁਰੱਖ ਕਿਤਾਬਾਂ ਨੂੰ ਸਮਝਣ ਦੀ ਮੇਹਰ "ਸੁਰਤੀ" ਦੇ ਕੇ ਨਾ ਕਰੇ। ਜਿਸ ਵੇਲੇ ਅਕਾਲ ਪੁਰੱਖ ਦੀ ਮੇਹਰ ਨਾਲ ਮਨ ਦੀ ਤੀਜੀ ਅੱਖ ਖੁੱਲ੍ਹ ਜਾਂਦੀ ਹੈ ਤਾਂ ਕਹਿੰਦੇ ਹਨ ਕਿ ਮਨ ਦੀ "ਆਦਿ ਪੋਥੀ" ਪ੍ਰਾਪਤ ਹੋ ਗਈ ਹੈ। ਇਸ ਆਦਿ ਪੋਥੀ ਦਾ ਨਵਾਂ ਰਸ ਜਿਸ ਨੂੰ ਮਿਲੇ ਉਸ ਨੂੰ ਹੀ ਪਤਾ ਹੁੰਦਾ ਹੈ। ਵੱਡੀ ਗਲ ਯਾਦ ਰਖਣ ਦੀ ਇਹ ਹੈ ਕਿ ਨਾਮ ਮੁਫਤ ਵਿੱਚ ਮਿਲਦਾ ਹੈ ਅਤੇ ਇਸ ਦਾ ਪ੍ਰਚਾਰ ਵੀ ਮੁਫਤ ਵਿੱਚ ਹੀ ਕਰੀਦਾ ਹੈ ਪਰ ਅੱਜ ਕਲ ਦੇ ਧਾਰਮਿਕ ਅਸਥਾਨ ਦੁਕਾਨਾਂ ਬਣ ਗਈਆਂ ਹਨ ਅਤੇ ਗੁਰਦੁਆਰਿਆਂ ਦੇ ਗ੍ਰੰਥੀ ਲਾਲਚੀ ਪੰਡਿਤਾਂ ਨੋਲੋਂ ਕਿਤੇ ਟੱਪਣੇ ਗੁਰੂ ਹੋਣ ਕਰਕੇ ਬਹੁਤ ਹੀ ਮਨਮੁੱਖ ਲਾਲਚੀ ਅਤੇ ਸ਼ੈਤਾਨ ਹਨ। ਜੇ ਕੋਈ ਆਪਣੀ ਮਨ ਦੀ ਤੀਜੀ ਅੱਖ ਵਿੱਚ ਸੰਤਿਗੁਰੂ ਜੀ ਦਾ ਗਿਆਨ ਅੰਜਣ ਪਾਵੇ ਗਾ ਤਾਂ ਉਸ ਨੂੰ ਦੁਨੀਆਂ ਵਿੱਚ ਹੋ ਰਹੀਆਂ ਸਾਰੀਆਂ ਗੱਲਾਂ ਦਾ ਚਾਨਣ ਹੋ ਜਾਏ ਗਾ। ਇਸ ਗਿਆਨ ਦੇ ਮੁਤਾਬਿਕ ਅਗਸਤ 1987 ਨੂੰ ਭਾਰਤ ਵਿੱਚ ਫਿਰਕੂ ਝੱਗੜੇ ਬਹੁਤ ਹੋਣਗੇ। ਅਤੇ ਮਈ 1988 ਵਿੱਚ ਅਟੋਮਕ ਲੜਾਈ ਇਜ਼ਰਾਈਲ ਤੋਂ ਸ਼ੁਰੂ ਹੋਵੇ ਗੀ ਅਤੇ ਸਾਰੀ ਦੁਨੀਆਂ ਦੇ ਅਧੱਰਮੀ ਲੋਕ ਆਪਸ ਵਿੱਚ ਬਾਰਾਂ ਸਾਲ ਲੜਣ ਮਰਨ ਗੇ। ਇਨ੍ਹਾਂ ਗੱਲਾਂ ਨੂੰ ਜਾਨਣ ਲਈ ਮੇਰਾ ਹੇਠ ਲਿੱਖਿਆ ਮਜ਼ਮੂਨ ਨੂੰ ਸਮਝਣ ਦਾ ਯਤਨ ਕਰੋ॥

ਚਾਰ ਜੁੱਗ ਅਤੇ ਉਨ੍ਹਾਂ ਦੇ ਅਵਤਾਰ

ਚਾਰ ਜੁੱਗ ਜੁੱਗਾਂ ਦੀ ਇਕ ਚੌਂਕੜੀ ਬਣਾਉਂਦੇ ਹਨ ਅਤੇ ਸੰਤਾਂ ਤੇ ਸਾਧੂਆਂ ਦੇ ਅਨੁਸਾਰ ਇਹ 1071 ਵੀ ਚੌਂਕੜੀ ਹੈ। ਇਨ੍ਹਾਂ ਦੀ ਗਿਣਤੀ ਮਾਲਾ ਜਾਂ ਸਿਮ੍ਰਨੀ ਦੇ ਮਣੀਆਂ ਵਿੱਚ ਰੱਖੀ ਹੋਈ ਹੈ। ਕਲ ਜੁੱਗ ਏਨ੍ਹਾਂ ਜੁੱਗਾਂ ਦੀ ਚੌਂਕੜੀ ਦਾ ਆਖੀਰਲਾ ਜੁੱਗ ਹੈ। ਏਥੇ ਇਹ ਵੀ ਦਸਣਾ ਠੀਕ ਹੈ ਕਿ ਮੁਹੰਮਦੀਆਂ ਦੀ ਮਾਲਾ ਵਿੱਚ 99 ਮਨਕੇ ਉਤੇ ਅਤੇ ਖੁੱਦਾ ਦੇ ਨਾਉਂ ਦਾ ਵੱਡਾ ਮਨਕਾ ਥੱਲੇ ਹੁੰਦਾ ਹੈ। ਇਸ ਮਾਲਾ ਦਾ ਮੁੱਢ ਇੰਜੀਲ ਦੀ ਇੱਕ ਬੁਸ਼ਾਰਤ ਵਿੱਚ ਹੈ ਕਿ ਈਸਾ ਮਸੀਹ ਦੀਆਂ ਜੋ ਪੂਰੀਆਂ ਭੇਡਾਂ ਵਿੱਚੋਂ ਇੱਕ ਬੜੀ ਮੋਟੀ ਅਤੇ ਸਾਰੀਆਂ ਨਾਲੋਂ ਸੁਨੱਖੀ ਭੇਡ ਗੁਮ ਹੋ ਗਈ। ਜੱਦੋਂ ਉਨ੍ਹਾਂ ਨੂੰ ਗੁਮ ਹੋਈ ਭੇਡ ਮਿਲੀ ਤਾਂ ਉਨ੍ਹਾਂ ਨੂੰ ਇਹ ਭੇਡ ਪਾ ਕੇ ਬੇ ਹੱਦ ਖ਼ੁਸ਼ੀ ਹੋਈ ਜਿੱਨ੍ਹੀ ਕਿ ਬਾਕੀ ਦੀਆਂ 99 ਭੇਡਾਂ ਤੋਂ ਨਹੀਂ ਮਿਲਦੀ ਸੀ। ਇਸ ਬੁਸ਼ਾਰਤ ਵਿੱਚ 99 ਭੇਡਾਂ ਦੇਵਤੇ ਦੇਵੀਆਂ ਹਨ ਅਤੇ ਗੁਮ ਹੋਈ ਇਕ ਭੇਡ ਹੈ ਅਕਾਲ ਪੁਰੱਖ ਜਿਸ ਨੂੰ ਪਾ ਕੇ ਹੀ ਦਿੱਲ ਨੂੰ ਬੇ ਹੱਦ ਖ਼ੁਸ਼ੀ ਪਰਾਪਤ ਹੁੰਦੀ ਹੈ।

ਜੁੱਗਾਂ ਦੀ ਚੌਂਕੜੀ ਦੀ ਤਸ਼ਰੀਹ ਸ਼ਿਵ ਜੀ ਦੇ ਥੋਲੇ ਬੋਲਦ "ਨੰਦੀ" ਦੀਆਂ ਚਾਰ ਲੱਤਾਂ ਨਾਲ ਦਿੱਤੀ ਜਾਂਦੀ ਹੈ। ਕਿ ਸਤਿਜੁੱਗ ਵਿੱਚ ਨੰਦੀ ਥੋਲਦ ਦੀਆਂ ਚਾਰੇ ਲੱਤਾਂ ਕਾਇਮ ਹੁੰਦੀਆਂ ਹਨ ਤ੍ਰੇਤਾ ਵਿੱਚ ਤਿੰਨ ਦੋਆਪਰ ਵਿੱਚ ਦੋ ਅਤੇ ਕਲ ਜੁੱਗ ਵਿੱਚ ਇੱਕ ਕਾਇਮ ਹੁੰਦੀ ਹੈ। ਨੰਦੀ ਥੋਲਦ ਦੀਆਂ ਚਾਰ ਲੱਤਾਂ ਹੇਠ ਲਿੱਖੀਆਂ ਚੀਜ਼ਾਂ ਨਾਲ ਸੰਬੰਧਤ ਹਨ:-

1. ਸ਼ਰੱਮ:- ਇਹ ਧਰਮ ਦੀ ਬੁਨਿਆਦ ਹੈ ਪਰ ਧਾਰਮੱਕ ਲਿਆਕੱਤ, ਪੱਦ ਜਾਂ ਵਸਤੂ ਨਹੀਂ। ਮੁਹੰਮਦ ਨੇ ਹਯਾ ਦੀ ਮਹੱਤਾ ਤੇ ਜ਼ੋਰ ਪਾਉਣ ਲਈ ਇਸ ਨੂੰ ਅੱਧਾ ਈਮਾਨ ਵੀ ਦੱਸਿਆ ਹੈ ਪਰ ਇਨਸਾਨ ਦੇ ਸ਼ਰਮਸਾਰ ਹੋਣ ਨਾਲ ਉਹ ਦਿੱਲ ਵਿੱਚ ਈਮਾਨ ਕੱਚਾ ਜਾਂ ਪੱਕਾ ਦਾਖਲ ਨਹੀਂ ਹੁੰਦਾ। ਸ਼ਰਮ ਧਰਮ ਚੋਇ ਛੱਪ ਖਲੋਤੇ ਕੂੜ ਫਿਰੇ ਪਰਧਾਨ ਵੇ ਲਾਲੋ॥

2. ਸੱਚ:- ਇਹ ਧਰਮ ਦੀ ਪਹਿਲੀ ਲਿਆਕੱਤ, ਪੌੜੀ ਜਾਂ ਪੱਦ ਹੈ। ਇਹ ਦਿੱਲ ਦੇ ਸਾਫ ਹੋਣ ਨਾਲ ਪਰਾਪਤ ਹੁੰਦਾ ਹੈ ਅਤੇ ਇਹ ਰੂਹਾਨੀ ਸੰਤਿ ਦੀ ਬੁਨਿਆਦ ਹੈ ਯਨੀਕਿ ਸੱਚਾ ਆਦਮੀ ਹੀ ਸੰਤਿ ਪਾ ਸਕਦਾ ਹੈ। ਸੱਚ ਬੋਲਣ ਨੂੰ ਕੱਚਾ ਈਮਾਨ ਵੀ ਕਹੀਦਾ ਹੈ। ਸੱਚ ਦੇ ਸਬਕ ਮੰਦਰਾਂ ਵਿੱਚ ਬੱਚਿਆਂ ਨੂੰ ਦਿੱਤੇ ਜਾਂਦੇ ਹਨ ਅਤੇ ਮੱਕਾ ਸ਼ਰੀਫ ਜਿੱਥੇ ਕਿ ਇਬਰਾਹੀਮ ਜੀ ਨੇ ਬੱਚਿਆਂ ਦੇ ਹੱਜ ਲਈ ਬਣਾਇਆ ਸੀ ਅਸਲ ਵਿੱਚ ਸ਼ਿਵ ਜੀ ਜਾਂ ਮਹਾਂ ਦੇਵ ਦਾ ਮੰਦਰ ਹੈ ਜਿੱਥੇ ਬੱਚਿਆਂ ਨੂੰ ਪਿਓ ਦਾ ਬਣਨ ਅਤੇ ਸੱਚ ਦੇ ਸਬਕ ਦਿੱਤੇ ਜਾਂਦੇ ਸਨ ਪਰ ਹੁਣ ਤਾਂ ਇਹ ਸ਼ੈਤਾਨਾਂ ਦੇ ਕਾਬੂ ਵਿੱਚ ਹੈ। ਇਸ ਤੇ ਹੋਰ ਮੰਦਰਾਂ ਬਾਰੇ ਅਗੋਂ ਦੱਸਾਂ ਗਾ।

3. ਸੰਤੋਖ:- ਇਹ ਧਰਮ ਦੀ ਦੂਸਰੀ ਲਿਆਕੱਤ, ਪੌੜੀ ਜਾਂ ਪੱਦ ਹੈ। ਇਹ ਅਪਣੇ ਦੱਸਾਂ ਨੋਹਾਂ ਦੀ ਕਮਾਈ ਕਰਨ ਅਤੇ ਖਾਣ ਨਾਲ ਪਰਾਪਤ ਹੁੰਦੀ ਹੈ। ਸਬਰ ਜਾਂ ਸੰਤੋਖ ਨਾਲ ਆਦਮੀ ਦਾ ਈਮਾਨ ਵੀ ਪੱਕਾ ਹੁੰਦਾ ਹੈ ਅਤੇ ਇਹ ਪਰਾਪਤ ਹੋਣ ਨਾਲ ਹੀ ਆਦਮੀ ਇੱਕ ਮੁਸਲਮਾਨ ਬਣਦਾ ਹੈ। ਇਸ ਲਈ ਇੱਕ ਮੁਸਲਮਾਨ ਉਹ ਹੁੰਦਾ ਹੈ ਜੋ ਸ਼ਰਮਸਾਰ ਹੋਵੇ, ਸੱਚ ਬੋਲੇ ਅਤੇ ਸੰਤੋਖੀ ਹੋਵੇ। ਮੁਸਲਮਾਨ ਬਣਨ ਤੇ ਆਦਮੀ ਦਾ ਦਿੱਲ ਪਾਕ ਅਤੇ ਸਾਫ ਹੋ ਜਾਂਦਾ ਹੈ। ਦਿੱਲ ਦੀ ਸਫਾਈ ਲਈ "ਨਾਮ" ਏਨਾਂ ਜ਼ਰੂਰੀ ਹੈ ਜਿਨਾਂ ਕਿ ਤਨ ਦੀ ਸਫਾਈ ਲਈ ਪਾਣੀ। ਏਸੇ ਹੀ ਲਈ ਮੁਹੰਮਦ ਦਾ ਦਿਲ ਜੇਰੋਸ਼ਲਮ ਵਿੱਚ ਈਸਾ ਮਸੀਹ ਜੀ ਦੇ "ਹੰਸ ਮੰਦਰ" ਅਲ-ਮਸਜਿਦ ਅਲ-ਅਕਸਾ ਵਿੱਚ ਕਲਾਮ ਨਾਲ ਧੋਤਾ ਸੀ। ਈਮਾਨ ਪੱਕਾ ਹੋਣ ਦੇ ਬਾਦ ਤਾਂ ਇਨਸਾਨ ਦੀ ਧਰਮੀ ਚਾਦਰ ਹੀ ਸਾਫ ਹੁੰਦੀ ਹੈ ਪਰ ਸਫਾਈ ਰਹਿਮਦਿਲ ਹੋਣ ਨਾਲ।

4. ਦਇਆ:- ਇਹ ਧਰਮ ਦਾ ਤੀਜਾ ਪੱਦ ਹੈ ਅਤੇ ਇਸ ਵਸਤੂ ਨਾਲ ਇਨਸਾਨ ਰੱਬ ਤੇ ਸ਼ੈਤਾਨ ਵਿੱਚ ਭੇਦ ਪੌਂਦਾ ਹੈ। ਇਸ ਲਈ ਜੇ ਰੱਬ ਨਾਲ ਪਿਆਰ ਕਰਣਾ ਹੈ ਤਾਂ ਉਜੜੇ ਬੀਂਦਿਆਂ ਅਤੇ ਜੀਵ ਜੰਤ ਨਾਲ ਪਿਆਰ ਕਰੋ। ਇਸ ਪੱਦ ਤੇ ਪਹੁੰਚ ਕੇ ਆਦਮੀ ਨੂੰ ਦੂਸਰਿਆਂ ਦੀਆਂ ਗਲਤੀਆਂ ਨੂੰ ਮੁਆਫ ਕਰਣ ਦੀ ਰਹਿਮ ਦਿੱਲੀ ਹੋਣੀ ਚਾਹੀਦੀ ਹੈ। ਥਾਲ ਵਿੱਚ ਤਿਨ ਵਸਤੂ ਪਏ ਹਨ ਸਤਿ ਸੰਤੋਖ ਵੀਚਾਰੋ (ਸੁੱਚੀ) ਤੀਜੀ ਵਸਤੂ ਹੈ "ਦਇਆ"॥

ਉਪਰ ਵਾਲੇ ਧਾਰਮਿਕ ਪੱਦ ਆਦਮੀ ਨੂੰ ਧਰਮੀ ਬਣਾਉਂਦੇ ਹਨ ਅਤੇ ਜੇ ਰੱਬ ਦੀ ਮੇਹਰ ਹੋਵੇ ਤਾਂ ਉਨ੍ਹਾਂ ਨੂੰ ਚੌਥੇ ਪੱਦ ਤੇ ਲੈ ਜਾਂਦਾ ਹੈ। ਇਸ ਆਖਰੀ ਪੱਦ ਤੇ ਪਹੁੰਚ ਕੇ ਆਦਮੀ ਰੱਬ ਵਿੱਚ ਅਭੇਦ ਜਾਂ ਇੱਕ ਜਾਨ ਹੋ ਜਾਂਦਾ ਹੈ ਅਤੇ ਜੋ ਬੋਲਦਾ ਹੈ ਉਹ ਸੰਤਿ ਹੀ ਹੁੰਦਾ ਹੈ। ਉਹ ਹਮੇਸ਼ਾ ਹਰੀ ਦਾ ਹੀ ਸਨੇਹਸ਼ ਦਿੰਦਾ ਹੈ। ਗਲਤੀ ਪਿਹਲੇ ਤਿੰਨਾਂ ਪੱਦਾਂ ਵਾਲੇ ਆਦਮੀ ਕਰਦੇ ਹਨ ਪਰ ਚੌਥੇ ਪੱਦ ਵਾਲੇ ਆਦਮੀ ਕਦੀ ਗਲਤੀ ਨਹੀਂ ਕਰਦੇ। ਯਨੀਕਿ ਇਨਸਾਨੀ ਦਨਾਈ ਰੱਬੀ ਦਨਾਈ ਦੇ ਮੁਕਾਬਲੇ ਬੇਵਕੂਫ ਹੈ। ਹੁਣ ਚੋਹਾਂ ਜੁੱਗਾ ਦਾ ਵੇਰਵਾ ਇੰਜ ਹੈ:-

1. ਸਤਿ ਜੁੱਗ:- ਇਹ ਜੁੱਗ ਸਿਰਫ ਧਰਮੀ ਲੋਕਾਂ ਦਾ ਹੁੰਦਾ ਹੈ ਅਤੇ ਇਸ ਵਿੱਚ ਆਮ ਲੋਕ ਸ਼ੁਭਸਾਰ ਹੁੰਦੇ ਹਨ ਅਤੇ ਸੱਚੇ, ਸੰਤੋਖੀ ਅਤੇ ਦਇਆਵਾਨ ਹੁੰਦੇ ਹਨ। ਇਸ ਜੁੱਗ ਵਿੱਚ ਅਧਰਮੀ ਲੋਕ ਬਿਲਕੁਲ ਨਹੀਂ ਹੁੰਦੇ ਅਤੇ ਇਸ ਤਰ੍ਹਾਂ ਜਾਪਦਾ ਹੈ ਕਿ ਰੱਬ ਉਨ੍ਹਾਂ ਵਿੱਚ ਵਸਦਾ ਹੈ। ਕਿਉਂਕਿ ਅਧਰਮੀ ਲੋਕ ਸ਼ੈਤਾਨ ਦੇ ਚੇਲੇ ਹੁੰਦੇ ਹਨ ਇਸ ਲਈ ਇਸ ਜੁੱਗ ਵਿੱਚ ਧਰਮ ਦੀ ਪੂਰੀ ਚਮਕ ਹੁੰਦੀ ਹੈ ਅਤੇ ਸ਼ੈਤਾਨ ਦੀ ਮਾਇਆ, ਹੌਮੈ, ਦੀ ਕੋਈ ਕਦਰ ਨਹੀਂ ਹੁੰਦੀ। ਇਸ ਜੁੱਗ ਵਿੱਚ ਅਧੱਰਮ ਨਾ ਹੋਣ ਕਰਕੇ ਧਰਮ ਦੀ ਕਮਾਈ ਕਰਣਾ ਬੜਾ ਔਖਾ ਹੈ। ਭਾਵੇਂ ਇਸ ਜੁੱਗ ਵਿੱਚ ਜ਼ੁਲਮ ਨਹੀਂ ਹੁੰਦੇ ਫਿਰ ਵੀ ਇਹ ਜੁੱਗ ਧਰਮ ਦੀ ਕਮਾਈ ਲਈ ਬਹੁਤ ਹੀ ਕਿਨਕੀਆ ਹੈ। ਜਿੱਨ੍ਹੀ ਕਮਾਈ ਕਲ ਜੁੱਗ ਵਿੱਚ ਇੱਕ ਦਿਨ ਵਿੱਚ ਹੋ ਸਕਦੀ ਹੈ ਸੰਤਿ ਜੁੱਗ ਵਿੱਚ ਉਸ ਨੂੰ ਕਈ ਸਾਲ ਲਗਦੇ ਹਨ। ਇਸ ਜੁੱਗ ਦੇ ਲੋਕ ਧਰਮੀ ਅਤੇ ਸੰਤਿ ਸੰਗੀ ਹੋਣ ਕਰਕੇ ਕਿਸੇ ਅਵਤਾਰ ਦੀ ਜ਼ਰੂਰਤ ਨਹੀਂ ਹੁੰਦੀ। ਇੰਨ੍ਹਾਂ ਲੋਕਾਂ ਨੂੰ "ਵਾਸਦੇਵ" ਵੀ ਕਹੀਦੇ ਹਨ। ਇਸ ਜੁੱਗ ਵਿੱਚ ਰਿਸ਼ੀ ਮੁਨੀ ਵੇਦਾਂ ਦੀਆਂ ਗਲਤੀਆਂ ਨੂੰ ਠੀਕ ਕਰਦੇ ਹਨ।

2. ਤ੍ਰੇਤਾ ਜੁੱਗ:- ਜੱਦੋਂ ਆਮ ਜਨਤਾ ਸ਼ੈਤਾਨ ਹੋ ਜਾਂਦੀ ਹੈ ਤਾਂ ਇਹ ਜੁੱਗ ਸ਼ੁਰੂ ਹੁੰਦਾ ਹੈ। ਇਸ ਜੁੱਗ ਵਿੱਚ ਆਮ ਲੋਕ ਸ਼ੁਭਸਾਰ, ਸੱਚੇ ਅਤੇ ਸੰਤੋਖੀ ਹੁੰਦੇ ਹਨ ਪਰ ਰਹਿਮਦਿਲ ਨਹੀਂ। ਲੋਕ ਏਨੇ ਬੇਰਹਿਮ ਹੋ ਜਾਂਦੇ ਹਨ ਕਿ ਉਹ ਔਰਤਾਂ ਤੇ ਜ਼ੁਲਮ ਕਰਦੇ ਹਨ ਜਿਵੇਂ ਕਿ ਲੱਛਮਣ ਨੇ ਸ਼ੂਰਪ ਨੱਕਾ ਦਾ ਨੱਕ ਕੱਟ ਦਿੱਤਾ ਸੀ ਅਤੇ ਰਾਵਣ ਨੇ ਸੀਤਾ ਨੂੰ ਚੱਕ ਕੇ ਨਸ਼ਲਤੇ ਦੇਸ਼ ਲਿਆ ਠੋਕਿਆ। ਜਿੱਨ੍ਹਾਂ ਕਿ ਸੁਰਤੀ ਵਾਲੇ ਗਿਆਨੀ ਲੋਕ ਨਹੀਂ ਕਰਦੇ। ਇਸ ਜੁੱਗ ਵਿੱਚ ਲੋਕ ਆਪਣੀਆਂ ਔਰਤਾਂ ਉਤੇ ਇਸ ਲਈ ਜ਼ੁਲਮ ਕਰਨਾ ਔਖਾ ਸਮੱਝਦੇ ਹਨ ਕਿਉਂਕਿ ਉਹ ਉਨ੍ਹਾਂ ਦੇ ਆਧੀਨ ਹੁੰਦੀਆਂ ਹਨ। ਲੋਕ ਧਾਰਮਕ ਮੁਰਯਾਦਾ ਦੇ ਪਾਬੰਦ ਹੋਣ ਕਰਕੇ ਦੇਵਤੇ ਅਤੇ ਦੇਵੀਆਂ ਹੁੰਦੇ ਹਨ ਪਰ ਯਾਹੂਦੀਆਂ ਦੀ ਤਰ੍ਹਾਂ ਔਰਤਾਂ ਉਤੇ ਬੇਰਹਿਮ ਹੋਣ ਕਰਕੇ ਸ੍ਰੀ ਰਾਮ ਚੰਦਰ ਜੀ ਨੇ ਮੁੱਖੀ ਖ਼ੱਤ੍ਰੀਆਂ ਦੇ ਘਰ ਜਨਮ ਲਿਆ ਤਾਂ ਕਿ ਘੁਮੰਡੀ ਖੱਤਰੀਆਂ ਅਤੇ ਦੂਸਰੇ ਘੁਮੰਡੀ ਲੋਕਾਂ ਨੂੰ ਘਰੇਲੂ ਭਾਈ ਚਾਰਕ ਅਸੂਲਾਂ ਦੇ ਸਬਕ ਦੇ ਸਕਨ ॥ ਖੱਤ੍ਰੀ ਕੌਮ ਜਾਂ ਜਾਤ (ਖ਼ਿੰਦ) ਦੇ ਲੋਕ ਅਕਲਮੰਦ ਅਤੇ ਦੇਵਤੇ ਹੋਣ ਕਰਕੇ ਭਾਈ ਚਾਰਕ ਮੁਰਯਾਦਾ ਨੂੰ ਬੜੀ ਅਸਾਨੀ ਨਾਲ ਸਮਝ ਸਕਦੇ ਸਨ। ਇਸ ਲਈ ਸ੍ਰੀ ਰਾਮ ਚੰਦਰ ਜੀ ਨੂੰ ਮੁਰਯਾਦਾ ਪੁਰਸ਼ੋਤਮ ਅਵਤਾਰ ਵੀ ਕਹੀਦੇ ਹਨ ਅਤੇ ਇਹ ਵਿਸ਼ਨੂੰ ਜੀ ਦੇ ਦੁਨੀਆਵੀ ਰੂਪ ਸਨ। ਰਾਵਣ ਧਰਮ ਦੇ ਪੂਰੇ ਦਸ ਅੰਗ ਰਖਦਾ ਸੀ ਭਾਵ ਕਿ ਕਾਮਲ ਦੇਵਤਾ ਸੀ ਪਰ ਅਪਣੇ ਗਿਆਨ ਅਤੇ ਬੁਧਿਸ਼ਕਤੀ ਉਤੇ ਏਨਾ ਫਖ਼ਰ ਕਰਦਾ ਸੀ ਕਿ ਉਹ ਵਿਸ਼ਨੂੰ ਜੀ ਦੇ ਦੁਨੀਆਵੀ ਰੂਪੀ ਅਵਤਾਰ ਸ੍ਰੀ ਰਾਮ ਚੰਦਰ ਜੀ ਨੂੰ, ਸੁਰਤੀ ਨਾ ਹੋਣ ਕਰਕੇ, ਪਹਿਚਾਨ ਨਾ ਸੱਕਿਆ। ਇਸ ਜੁੱ